# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ: ਸਰੀਰਕ ਜਾਂ ਮਾਨਸਿਕ ਅਪਾਹਜਤਾਵਾਂ ਵਾਲੇ ਲੋਕਾਂ ਵਿਰੁੱਧ ਵਿਤਕਰਾ

BRITISH COLUMBIA

ਇਹ ਤੱਥ ਸ਼ੀਟ ਬੀ ਸੀ ਵਿਚ ਸਰੀਰਕ ਜਾਂ ਮਾਨਸਿਕ ਅਪਾਹਜਤਾਵਾਂ (ਡਿਸਏਬਿਲਟੀਜ਼) ਵਾਲੇ ਲੋਕਾਂ ਵਿਰੁੱਧ ਵਿਤਕਰੇ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਨਾਲ ਸੰਪਰਕ ਕਰੋ। ਸੰਪਰਕ ਕਰਨ ਬਾਰੇ ਜਾਣਕਾਰੀ ਇਸ ਤੱਥ ਸ਼ੀਟ ਦੇ ਅੰਤ 'ਤੇ ਦਿੱਤੀ ਗਈ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕਾਂ ਦੀ ਰੱਖਿਆ ਅਤੇ ਹਿਮਾਇਤ ਕਰਨ ਲਈ ਕਾਨੂੰਨ ਹੈ। ਇਸ ਨੂੰ *ਬੀ ਸੀ ਹਿਊਮਨ ਰਾਈਟਸ ਕੋਡ* ਜਾਂ *ਕੋਡ* ਆਖਿਆ ਜਾਂਦਾ ਹੈ। *ਕੋਡ* ਤੁਹਾਡੀ ਕਿਸੇ ਅਪਾਹਜਤਾ ਕਰਕੇ ਤੁਹਾਡੇ ਨਾਲ ਬੁਰਾ ਵਰਤਾਉ ਕੀਤੇ ਜਾਣ ਤੋਂ ਜਾਂ ਕਿਸੇ ਫਾਇਦੇ ਤੋਂ ਨਾਂਹ ਕਰਨ ਤੋਂ ਰੱਖਿਆ ਕਰਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਇਹ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਸ਼ਿਕਾਇਤ ਕਰਨ ਦੀ ਆਗਿਆ ਦਿੰਦਾ ਹੈ।

ਜੇ ਤੁਸੀਂ ਕੋਈ ਸ਼ਿਕਾਇਤ ਕਰਦੇ ਹੋ, ਜਾਂ ਸ਼ਿਕਾਇਤ ਕਰਨ ਬਾਰੇ ਸੋਚ ਰਹੇ ਹੋ ਜਾਂ ਕਿਸੇ ਹੋਰ ਤਰੀਕੇ ਨਾਲ ਇਸ ਵਿਚ ਸ਼ਾਮਲ ਹੋ ਤਾਂ *ਕੋਡ* **ਬਦਲਾ** ਲਏ ਜਾਣ ਤੋਂ ਵੀ ਤੁਹਾਡੀ ਰੱਖਿਆ ਕਰਦਾ ਹੈ। ਜਦੋਂ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਜਾਂ ਤੁਹਾਨੂੰ ਸਬਕ ਸਿਖਾਉਂਦਾ ਹੈ ਤਾਂ ਇਹ **ਬਦਲਾ** ਹੈ।

## ਅਪਾਹਜਤਾ ਕੀ ਹੈ?

ਅਪਾਹਜਤਾ (ਡਿਸਏਬਿਲਟੀ) ਕੋਈ ਵੀ ਅਜਿਹੀ ਹਾਲਤ ਹੈ ਜਿਹੜੀ ਕਿਸੇ ਵਿਅਕਤੀ ਦੀ ਬੁੱਧੀ ਜਾਂ ਸਰਗਰਮੀਆਂ ਨੂੰ ਸੀਮਤ ਕਰਦੀ ਹੈ। ਇਹ ਸਰੀਰਕ, ਮਾਨਸਿਕ, ਪ੍ਰਤੱਖ ਜਾਂ ਅਦਿੱਖ ਹੋ ਸਕਦੀ ਹੈ।

## ਅਪਾਹਜਤਾ ਦੀਆਂ ਕੁਝ ਉਦਾਹਰਣਾਂ ਕੀ ਹਨ?

- ਮਾਨਸਿਕ ਬੀਮਾਰੀ, ਜਿਵੇਂ ਕਿ ਡਿਪਰੈਸ਼ਨ
- ਸਿੱਖਣ ਦੀਆਂ ਅਪਾਹਜਤਾਵਾਂ ਜਿਵੇਂ ਕਿ ਡਿਸਲੈਕਸੀਆ
- ਨਸ਼ਿਆਂ ਜਾਂ ਸ਼ਰਾਬ ਦਾ ਅਮਲ
- ਸ਼ੂਗਰ (ਡਾਇਬੀਟੀਜ਼)
- ਐੱਚ ਆਈ ਵੀ/ਏਡਜ਼
- ਸੰਵੇਦਕ ਵਿਗਾੜ, ਜਿਵੇਂ ਕਿ ਅੰਨ੍ਹਾਪਣ ਜਾਂ ਬੋਲ਼ਾਪਣ

## ਕੀ ਲੋਕਾਂ ਲਈ ਮੇਰੀ ਅਪਾਹਜਤਾ ਦਾ ਖਿਆਲ ਰੱਖਣਾ ਜ਼ਰੂਰੀ ਹੈ?

ਕੰਮ-ਮਾਲਕਾਂ, ਲੈਂਡਲਾਰਡਾਂ, ਅਤੇ ਜਿਹੜੇ ਲੋਕ ਜਨਤਾ ਨੂੰ ਸਰਵਿਸ ਪ੍ਰਦਾਨ ਕਰਦੇ ਹਨ, ਉਨ੍ਹਾਂ ਲਈ ਨਾਜਾਇਜ਼ ਤੰਗੀ ਦੇ ਪੋਆਇੰਟ ਤੱਕ ਅਪਾਹਜ ਲੋਕਾਂ ਦੀਆਂ ਲੋੜਾਂ ਦਾ ਖਿਆਲ ਰੱਖਣ ਦੀ ਸਖਤ ਕੋਸ਼ਿਸ਼ ਕਰਨਾ ਜ਼ਰੂਰੀ ਹੈ। ਇਸ ਨੂੰ **ਡਿਊਟੀ ਟੂ ਅਕੋਮੋਡੇਟ** ਆਖਿਆ ਜਾਂਦਾ ਹੈ।

ਕਿਸੇ ਅਪਾਹਜਤਾ ਦਾ ਖਿਆਲ ਕਿਵੇਂ ਰੱਖਿਆ ਜਾਂਦਾ ਹੈ, ਇਹ ਖਾਸ ਹਾਲਤ 'ਤੇ ਨਿਰਭਰ ਕਰਦਾ ਹੈ। ਉਦਾਹਰਣ ਲਈ, ਇਹ ਹਾਲਤ ਮੰਗ ਕਰ ਸਕਦੀ ਹੈ ਕਿ ਕੰਮ-ਮਾਲਕ ਜਾਂ ਲੈਂਡਲਾਰਡ:

- ਤੁਹਾਨੂੰ ਵਾਧੂ ਟਰੇਨਿੰਗ ਦੇਵੇ
- ਤੁਹਾਡੇ ਕੰਮ ਦਾ ਸਮਾਂ ਅਡਜਸਟ ਕਰੇ
- ਸਾਜ਼-ਸਾਮਾਨ ਸੋਧੇ ਜਾਂ ਖਰੀਦੇ
- ਤੁਹਾਡੇ ਕੰਮ ਜਾਂ ਕੰਮ ਦੇ ਬੋਝ ਨੂੰ ਠੀਕ ਕਰੇ

## ਕੰਮ 'ਤੇ ਵਿਤਕਰਾ

*ਕੋਡ* ਕੰਮ-ਮਾਲਕਾਂ ਲਈ ਇਹ ਕਰਨਾ ਗੈਰਕਾਨੂੰਨੀ ਬਣਾਉਂਦਾ ਹੈ:

- ਕਿਸੇ ਜੌਬ ਦੀ ਐਡ ਇਸ ਤਰ੍ਹਾਂ ਦੇਣਾ ਜਿਸ ਨਾਲ ਤੁਹਾਡੇ ਨਾਲ ਵਿਤਕਰਾ ਹੁੰਦਾ ਹੋਵੇ ਕਿਉਂਕਿ ਤੁਹਾਨੂੰ ਕੋਈ ਅਪਾਹਜਤਾ ਹੈ
- ਤੁਹਾਡੀ ਅਪਾਹਜਤਾ ਕਰਕੇ ਤੁਹਾਨੂੰ ਕਿਸੇ ਕੰਮ ਤੋਂ ਨਾਂਹ ਕਰਨਾ
- ਇੱਕੋ ਜਿਹਾ ਕੰਮ ਕਰਦੇ ਹੋਰ ਲੋਕਾਂ ਦੇ ਮੁਕਾਬਲੇ ਤੁਹਾਨੂੰ ਕੋਈ ਵੱਖਰੀ ਤਨਖਾਹ ਦੇਣਾ ਕਿਉਂਕਿ ਤੁਹਾਨੂੰ ਕੋਈ ਅਪਾਹਜਤਾ ਹੈ
- ਤੁਹਾਡੀ ਅਪਾਹਜਤਾ ਕਰਕੇ ਤੁਹਾਨੂੰ ਕੰਮ ਤੋਂ ਹਟਾਉਣਾ, ਲੇ-ਆਫ ਕਰਨਾ ਜਾਂ ਤੁਹਾਡੀ ਪਦਵੀ ਘਟਾਉਣਾ ਬਸ਼ਰਤੇ ਕਿ ਤੁਸੀਂ ਨੌਕਰੀ ਦੇ ਜ਼ਰੂਰੀ ਹਿੱਸੇ ਕਰਨ ਦੇ ਕਾਬਲ ਹੋਵੋ

## ਕਿਸੇ ਜਨਤਕ ਥਾਂ 'ਤੇ ਵਿਤਕਰਾ

ਅਪਾਹਜ ਵਿਅਕਤੀਆਂ ਨੂੰ ਸਾਰੀਆਂ ਜਨਤਕ ਸੇਵਾਵਾਂ ਅਤੇ ਸਹੂਲਤਾਂ ਨੂੰ ਵਰਤਣ ਦਾ ਹੱਕ ਹੈ, ਜਿਸ ਵਿਚ ਮੂਵੀ ਥੀਏਟਰ, ਸਟੋਰ, ਰੈਸਟੋਰੈਂਟ, ਵਿਦਿਅਕ ਸੰਸਥਾਵਾਂ, ਸਰਕਾਰੀ ਬੱਸਾਂ/ਗੱਡੀਆਂ (ਪਬਲਿਕ ਟ੍ਰਾਂਜ਼ਿਟ) ਅਤੇ ਸਰਕਾਰੀ ਸੇਵਾਵਾਂ ਸ਼ਾਮਲ ਹਨ।

ਕਦੇ ਕਦੇ ਕੋਈ ਸਥਾਨ ਜਾਂ ਸਰਵਿਸ ਕਿਸੇ ਅਪਾਹਜ ਵਿਅਕਤੀ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ। ਉਸ ਕੇਸ ਵਿਚ, ਸਰਵਿਸ ਦੇਣ ਵਾਲੇ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਅਜਿਹਾ ਕਰਨ ਦੀ ਮੰਗ ਕਰਨਾ ਉਸ ਲਈ ਨਜਾਇਜ਼ ਤੰਗੀ ਹੋਵੇਗਾ।

## ਰਿਹਾਇਸ਼ਾਂ ਵਿਚ ਵਿਤਕਰਾ

ਕੋਈ ਲੈਂਡਲਾਰਡ ਇਹ ਨਹੀਂ ਕਰ ਸਕਦਾ:

- ਜੇ ਤੁਸੀਂ ਅਪਾਹਜ ਹੋਵੋ ਤਾਂ ਤੁਹਾਨੂੰ ਕੋਈ ਘਰ ਜਾਂ ਅਪਾਰਟਮੈਂਟ

ਕਿਰਾਏ 'ਤੇ ਦੇਣ ਤੋਂ ਨਾਂਹ ਕਰਨਾ

- ਤੁਹਾਡੇ ਤੋਂ ਜ਼ਿਆਦਾ ਕਿਰਾਇਆ ਜਾਂ ਸਕਿਉਰਟੀ ਡਿਪਾਜ਼ਿਟ ਲੈਣਾ
- ਤੁਹਾਡੀ ਅਪਾਹਜਤਾ ਕਰਕੇ ਤੁਹਾਨੂੰ ਕੱਢ ਦੇਣਾ

ਕਿਸੇ ਲੈਂਡਲਾਰਡ ਲਈ **ਨਾਜਾਇਜ਼ ਤੰਗੀ** ਦੇ ਪੋਆਇੰਟ ਤੱਕ ਅਪਾਹਜ ਵਿਅਕਤੀ ਦੀਆਂ ਲੋੜਾਂ ਦਾ ਖਿਆਲ ਰੱਖਣਾ ਜ਼ਰੂਰੀ ਹੈ।

## ✱ ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਮੇਰੀ ਮਨੁੱਖੀ ਹੱਕਾਂ ਦੀ ਸ਼ਿਕਾਇਤ ਬਣਦੀ ਹੈ?

*ਬੀ ਸੀ ਹਿਊਮਨ ਰਾਈਟਸ ਕੋਡ* ਹੇਠ ਸ਼ਿਕਾਇਤ ਕਰਨ ਲਈ, **ਅੱਗੇ ਲਿਖੇ ਸਾਰਿਆਂ** ਦਾ ਸੱਚ ਹੋਣਾ ਜ਼ਰੂਰੀ ਹੈ:

- ✔ ਤੁਹਾਡੇ ਨਾਲ ਬੁਰਾ ਵਰਤਾਉ ਕੀਤਾ ਗਿਆ ਹੈ ਜਾਂ ਤੁਹਾਨੂੰ ਕਿਸੇ ਫਾਇਦੇ ਤੋਂ ਨਾਂਹ ਕੀਤੀ ਗਈ ਹੈ।
- ✔ ਤੁਹਾਡੇ ਨਾਲ ਵਰਤਾਉ ਕਰਨ ਦੇ ਤਰੀਕੇ (ਮਾੜੀ ਤਰ੍ਹਾਂ ਵਰਤਾਅ ਜਾਂ ਕਿਸੇ ਫਾਇਦੇ ਤੋਂ ਨਾਂਹ) ਅਤੇ ਤੁਹਾਡੀ ਮਾਨਸਿਕ ਜਾਂ ਸਰੀਰਕ ਅਪਾਹਜਤਾ ਵਿਚਕਾਰ ਸੰਬੰਧ ਹੈ।
- ✔ ਇਹ ਵਰਤਾਉ ਅੱਗੇ ਦਿੱਤੀ ਕਿਸੇ ਹਾਲਤ ਵਿਚ ਹੋਇਆ ਹੈ ਜਿਵੇਂ ਕਿ ਕੰਮ 'ਤੇ, ਸਟੋਰ ਜਾਂ ਰੈਸਟੋਰੈਂਟ ਵਿਚ, ਜਾਂ ਲੈਂਡਲਾਰਡ ਅਤੇ ਕਿਰਾਏਦਾਰ ਵਿਚਕਾਰ।

ਤੁਹਾਡੇ ਲਈ ਆਪਣੀ ਸ਼ਿਕਾਇਤ ਘਟਨਾ ਦੇ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਕਰਨਾ ਜ਼ਰੂਰੀ ਹੈ। (ਨੋਟ: ਸਮੇਂ ਦੀ ਇਸ ਸੀਮਾ ਵਿਚ ਕੁਝ ਛੋਟਾਂ ਹਨ।) ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜਿਹੜੀ ਕਿ ਅਦਾਲਤ ਦੀ ਕਾਰਵਾਈ ਵਾਂਗ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਨੂੰ **ਸ਼ਿਕਾਇਤਕਰਤਾ (ਕਮਪਲੇਨੈਂਟ)** ਆਖਿਆ ਜਾਂਦਾ ਹੈ।

ਬੀ ਸੀ ਵਿਚ ਮਨੁੱਖੀ ਹੱਕਾਂ ਬਾਰੇ ਸੰਖੇਪ ਜਾਣਨ ਲਈ ਕਿਰਪਾ ਕਰਕੇ ਤੱਥ ਸ਼ੀਟ ***ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ: ਤੁਹਾਨੂੰ ਕੀ ਜਾਣਨ ਦੀ ਲੋੜ ਹੈ*** ਦੇਖੋ।

## ✱ ਮੈਂ ਮਦਦ ਕਿੱਥੋਂ ਲੈ ਸਕਦਾ/ਸਕਦੀ ਹਾਂ?

**ਸ਼ਿਕਾਇਤਕਰਤਾ** ਸੂਬੇ ਭਰ ਵਿਚ ਕਿਤਿਉਂ ਵੀ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਰਾਹੀਂ ਜਾਣਕਾਰੀ ਲੈ ਸਕਦੇ ਹਨ। ਕਲੀਨਿਕ ਵਿਚਲੇ ਲੋਕ *ਹਿਊਮਨ ਰਾਈਟਸ ਕੋਡ* ਨੂੰ ਸਮਝਣ ਜਾਂ ਸੂਬਾਈ ਮਨੁੱਖੀ ਹੱਕਾਂ ਦੀ ਸ਼ਿਕਾਇਤ ਨਾਲ ਸਿੱਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਤੁਸੀਂ ਹੋਰ ਕਿਸਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਵੀ ਹੋ ਸਕਦੇ ਹੋ। ਇਹ ਪਤਾ ਲਾਉਣ ਲਈ ਕਲੀਨਿਕ ਵਿਖੇ ਕਿਸੇ ਨਾਲ ਗੱਲ ਕਰੋ ਕਿ ਕੀ ਤੁਸੀਂ ਯੋਗ ਹੋ।

### BC Human Rights Clinic

300-1140 West Pender Street, Vancouver, B.C. V6E 4G1
ਟੈਲੀਫੋਨ: 604 622-1100 ਦੂਰੋਂ ਮੁਫਤ: 1 855 685-6222
ਫੈਕਸ: 604 685-7611
ਔਨਲਾਈਨ: www.BCHRC.net

ਜੇ ਕਿਸੇ ਨੇ ਤੁਹਾਡੇ ਵਿਰੁੱਧ ਸ਼ਿਕਾਇਤ ਕੀਤੀ ਹੈ ਤਾਂ ਤੁਸੀਂ **ਉੱਤਰਦਾਤਾ (ਰਿਸਪੌਂਡੈਂਟ)** ਹੋ। **ਉੱਤਰਦਾਤਾ** ਸੂਬੇ ਵਿਚ ਕਿਤਿਉਂ ਵੀ ਅਤੇ ਵਿਕਟੋਰੀਆ ਏਰੀਏ ਦੇ **ਸ਼ਿਕਾਇਤਕਰਤਾ** ਇੱਥੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹਨ:

### University of Victoria

Law Centre Clinical Law Program
Suite 225 – 850 Burdett Avenue, Victoria, B.C. V8W 1B4
ਟੈਲੀਫੋਨ: 250 385-1221 ਦੂਰੋਂ ਮੁਫਤ: 1 866 385-1221
ਈ-ਮੇਲ: reception@thelawcentre.ca

ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਭੇਜਿਆ ਜਾ ਸਕਦਾ ਹੈ।

### BC Human Rights Tribunal

Suite 1170 – 605 Robson Street, Vancouver, B.C. V6B 5J3
ਟੈਲੀਫੋਨ: 604 775-2000 ਦੂਰੋਂ ਮੁਫਤ: 1 888 440-8844
ਟੀ ਟੀ ਵਾਈ (ਬੋਲ਼ਿਆਂ ਲਈ): 604 775-2021
ਔਨਲਾਈਨ: www.bchrt.gov.bc.ca

*ਇਸ ਜਾਣਕਾਰੀ ਸ਼ੀਟ ਦਾ ਮੰਤਵ ਸਿਰਫ ਆਮ ਜਾਣਕਾਰੀ ਦੇਣਾ ਹੈ। ਇਸ ਦਾ ਮੰਤਵ ਕਾਨੂੰਨੀ ਸਲਾਹ ਦੇਣਾ ਜਾਂ ਕਾਨੂੰਨੀ ਸਲਾਹ ਦਾ ਬਦਲ ਬਣਨਾ ਨਹੀਂ ਹੈ।*